ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ

(ਅਪੰਗ ਵਿਅਕਤੀਆਂ ਦੀ ਭਲਾਈ ਸ਼ਾਖਾ)

ਸੇਵਾ ਵਿਖੇ

1. ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ
2. ਰਾਜ ਦੇ ਸਮੂਹ ਮੰਡਲਾਂ ਦੇ ਕਮਿਸ਼ਨਰਜ
3. ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ
4. ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
5. ਜਿਲ੍ਹਾ ਅਤੇ ਸੈਸ਼ਨ ਜੱਜ ਪੰਜਾਬ ਰਾਜ
6. ਚੇਅਰਮੈਨ, ਲੋਕ ਸੇਵਾ ਕਮਿਸ਼ਨ ਪੰਜਾਬ, ਪਟਿਆਲਾ।
7. ਸਮੂਹ ਬੋਰਡ/ਕਾਰਪੋਰੇਸ਼ਨਾ ਪੰਜਾਬ ਰਾਜ।
8. ਰਜਿਸਟਰਾਰ ਸਾਰੀਆਂ ਯੂਨੀਵਰਸਿਟੀਆਂ ਪੰਜਾਬ ਰਾਜ।
9. ਰਾਜ ਦੇ ਸਮੂਹ ਉਪ ਮੰਡਲ ਅਫਸਰ (ਸਿਵਲ)।

ਮੀਮੋ ਨੰ: 3/39/2014-3ਡਸ/ 0172-980

ਮਿਤੀ ਚੰਡੀਗੜ੍ਹ 10/7/14

ਵਿਸ਼ਾ:- ਅਪੰਗ ਵਿਅਕਤੀਆ ਲਈ 3% ਰਾਖਵਾਂਕਰਨ ਅਨੁਸਾਰ ਬਣਦੀਆਂ ਆਸਾਮੀਆਂ ਵਿਰੁੱਧ ਨਿਯੁਕਤੀ ਦੇਣ ਲਈ ਰਾਜ ਸੇਵਾਵਾਂ ਦਰਜਾ-1,2,3 ਅਤੇ 4 ਦੀ ਪਹਿਚਾਣ ਸੂਚੀ ਜਾਰੀ ਕਰਨ ਬਾਰੇ।

***

ਉਪਰੋਕਤ ਵਿਸ਼ੇ ਤੇ ਸਕੱਤਰ, ਭਾਰਤ ਸਰਕਾਰ, ਮਨਿਸਟਰੀ ਆਫ ਸੋਸ਼ਲ ਜਸਟਿਸ ਐਂਡ ਇੰਮਪਾਵਰਮੈਂਟ, ਡਿਪਾਰਟਮਹੈਂਟ ਆਫ ਡਿਸਏਬਿਲਟੀ ਅਫੇਅਰਜ਼, ਨਵੀਂ ਦਿੱਲੀ ਵੱਲੋਂ ਜਾਰੀ ਅਰਧ ਸਰਕਾਰੀ ਪੱ: ਨੰ: 16-15/2010-ਡੀਡੀ-111 ਮਿਤੀ 3-4-2014 ਦੇ ਹਵਾਲੇ ਵਿੱਚ।

2. ਬੇਨਤੀ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਵੱਲੋਂ ਜੋ ਸੇਵਾਵਾਂ ਦਰਜਾ-1,2,3 ਅਤੇ 4 ਦੀ ਪਹਿਚਾਣ ਸੂਚੀ ਆਪਣੇ ਪੱ:ਨੰ: 16-70/2004-ਡੀਡੀ111, ਮਿਤੀ 18-1-2007 ਰਾਹੀਂ ਜਾਰੀ ਕੀਤੀ ਗਈ ਸੀ ਅਤੇ ਜਿਸ ਦੀ ਸੀ.ਡੀ ਆਪ ਜੀ ਨੂੰ ਇਸ ਵਿਭਾਗ ਵੱਲੋਂ ਆਪਣੇ ਪੱ:ਨੰ: ਡੀ.ਏ.3(ਸਸ)-2010/26388-683 ਮਿਤੀ 26-8-2010 ਦੇ ਨਾਲ ਭੇਜਦੇ ਹੋਏ ਭਾਰਤ ਸਰਕਾਰ ਵੱਲੋਂ ਜਾਰੀ ਪਹਿਚਾਣ ਸੂਚੀ ਨੂੰ ਅਪਨਾਉਣ ਲਈ ਲਿਖਿਆ ਗਿਆ ਸੀ। ਹੁਣ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਭਾਰਤ ਸਰਕਾਰ ਵੱਲੋਂ ਆਪਣੇ ਪੱ:ਨੰ: 16-15/2010-ਡੀਡੀ-111, ਮਿਤੀ 29-7-2013 ਰਾਹੀਂ ਅਪੰਗ ਵਿਅਕਤੀਆਂ ਲਈ 3% ਰਾਖਵਾਂਕਰਨ ਅਨੁਸਾਰ ਬਣਦੀਆਂ ਆਸਾਮੀਆਂ ਵਿਰੁੱਧ ਨਿਯੁਕਤੀ ਦੇਣ ਲਈ ਸੇਵਾਵਾਂ ਦਰਜਾ-1,2,3 ਅਤੇ 4 ਦੀ ਨਵੀਂ ਪਹਿਚਾਣ ਸੂਚੀ ਜਾਰੀ ਕੀਤੀ ਗਈ ਹੈ ਜੋ ਕਿ ਭਾਰਤ ਸਰਕਾਰ ਦੀ ਵੈਬਸਾਈਟ ਵੈਬਸਾਈਟ www.socialjustice.nic.in ਤੇ ਉਪਲੱਬਧ ਹੈ।

ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਵਿਭਾਗ ਵੱਲੋਂ ਜਾਰੀ ਪੱ:ਨੰ: 10/13/13-3ਡਸ/1192-99, ਮਿਤੀ 25-11-2013 ਨੂੰ ਲਾਗੂ ਕਰਦੇ ਸਮੇਂ ਭਾਰਤ ਸਰਕਾਰ ਵੱਲੋਂ ਜਾਰੀ ਜਾਬ ਆਇਡੰਟਿਫਿਕੇਸ਼ਨ ਅਨੁਸਾਰ ਅਪੰਗ ਵਿਅਕਤੀਆਂ ਨੂੰ ਰਾਜ ਸੇਵਾਵਾਂ ਗਰੁੱਪ ਏ, ਬੀ, ਸੀ ਅਤੇ ਡੀ ਵਿੱਚ ਰਾਖਵਾਂਕਰਨ ਦੇਣ ਸਮੇਂ ਵਿਚਾਰ ਲਿਆ ਜਾਵੇ ਜੀ।

ਅਧੀਨ ਸਕੱਤਰ

ਸਮਾਜਿਕ ਸੁਰੱਖਿਆ

ਨੰ: 17/20/2010-2ਪੀਪੀ2/132

**ਪੰਜਾਬ ਸਰਕਾਰ**

**ਪ੍ਰਸੋਨਲ ਵਿਭਾਗ**

**(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)**

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 19/11/14

ਵਿਸ਼ਾ:-- **The Persons with Disabilities (Equal Opportunities, Protection of Rights and Full Participation) Act, 1995 (ਕੇਂਦਰੀ ਐਕਟ ਨੰ: 1 ਆਫ 1996) ਦੀ ਧਾਰਾ 33 ਤਹਿਤ ਅਪੰਗ ਕਰਮਚਾਰੀਆਂ ਦੀ ਰਿਟਾਇਰਮੈਂਟ ਦੀ ਉਮਰ 58 ਸਾਲ ਤੋਂ 60 ਸਾਲ ਕਰਨ ਸਬੰਧੀ।**

*****

ਸ਼੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਵਲੋਂ ਜਾਰੀ ਹਦਾਇਤਾਂ ਨੰ: 9/5/1994-3ਪੀਪੀ2/5598 ਮਿਤੀ 16 ਮਾਰਚ, 1995, ਨੰ: 9/6/1994-3ਪੀਪੀ2/3220 ਮਿਤੀ 16 ਫਰਵਰੀ,1996 ਅਤੇ ਨੰ: 9/6/1994-3ਪੀਪੀ2/840 ਮਿਤੀ 17 ਜਨਵਰੀ, 2001 ਰਾਹੀਂ ਨੇਤਰਹੀਣ ਕਰਮਚਾਰੀਆਂ ਦੀ ਵੱਧ-ਵਧ੍ਹਾ ਸੇਵਾ ਨਵਿਰਤੀ ਦੀ ਉਮਰ 58 ਸਾਲ ਤੋਂ 60 ਸਾਲ ਕੀਤੀ ਗਈ ਸੀ। ਮਾਨਯੋਗ ਸੁਪਰੀਮ ਕੋਰਟ ਵਲੋਂ ਸਿਵਲ ਅਪੀਲ ਨੰ: 8855 ਆਫ 2013 (Arising from SLP No. 10610 of 2013-Government of Punjab & oths. Vs Bhupinder Singh & oths.) ਵਿੱਚ ਮਿਤੀ 16 ਸਤੰਬਰ, 2014 ਨੂੰ ਦਿੱਤੇ ਫੈਸਲੇ ਵਿੱਚ ਉੱਕਤ ਹਦਾਇਤਾਂ ਨੂੰ The Persons with Disabilities (Equal Opportunities, Protection of Rights and Full Participation) Act, 1995 (ਕੇਂਦਰੀ ਐਕਟ ਨੰ: 1 ਆਫ 1996) ਦੀ ਧਾਰਾ 33 ਦੇ ਵਿਰੁੱਧ ਦੱਸਿਆ ਹੈ ਅਤੇ ਇਨ੍ਹਾਂ ਹਦਾਇਤਾਂ ਨੂੰ modify ਕਰਨ ਤੇ ਵਿਚਾਰ ਦਿੱਤਾ ਕਿਹਾ ਗਿਆ ਹੈ।

2 ਸਰਕਾਰ ਵਲੋਂ ਇਸ ਮਾਮਲੇ ਨੂੰ ਵਿਚਾਰਨ ਉਪਰੰਤ ਇਹ ਫੈਸਲਾ ਲਿਆ ਗਿਆ ਹੈ ਕਿ ਹੁਣ ਇਹ ਲਾਭ ਨਾ ਕੇਵਲ ਨੇਤਰਹੀਣ ਕਰਮਚਾਰੀਆਂ ਨੂੰ ਬਲਕਿ ਸਭ ਅਪੰਗ ਕਰਮਚਾਰੀਆ ਨੂੰ ਮਿਲਣਾ ਹੋਵੇਗਾ ਜਿਨ੍ਹਾਂ ਤੇ ਡਿਸੇਬਿਲਟੀ ਐਕਟ ਦੀ ਧਾਰਾ 33 (ਜੋ ਹੇਠ ਅਨੁਸਾਰ ਹਨ) ਵਿੱਚ ਕਵਰ ਹੁੰਦੇ ਹਨ:-

(i) **Blindness or Low vision;**

(ii) **Hearing impairment; and**

(iii) **Locomotor disability or cerebral palsy.**

3. ਇਸ ਤੋਂ ਇਲਾਵਾਂ ਉਕਤ ਪੈਰਾ -2. ਵਿੱਚ ਦਰਜ ਕਰਮਚਾਰੀਆਂ ਵਿਚੋਂ ਜੇਕਰ ਕੋਈ ਕਰਮਚਾਰੀ ਮਾਨਸਿਕ ਜਾਂ ਸਰੀਰਕ ਪੱਖ ਆਪਣੀ ਡਿਊਟੀ ਦੀ ਪਾਲਣਾ ਕਰਨ ਤੋਂ ਅਸਮਰਥ ਪਾਇਆ ਜਾਂਦਾ ਹੈ ਤਾਂ ਲੋੜ ਅਨੁਸਾਰ ਸਬੰਧਤ ਕਰਮਚਾਰੀ ਦਾ ਮੈਡੀਕਲ ਚੈੱਕ-ਅਪ ਉਸ ਦੀ ਨਿਯੁਕਤੀ ਅਥਾਰਿਟੀ ਵਲੋਂ ਕੀਤੇ ਜਾਣ ਨੂੰ ਯਕੀਨੀ ਬਣਾਇਆ ਜਾਵੇਗਾ।

4. ਉਪਰੋਕਤ ਹੁਕਮਾਂ/ਹਦਾਇਤਾਂ ਅਨੁਸਾਰ ਵਿੱਤ ਵਿਭਾਗ ਵਲੋਂ ਪੰਜਾਬ ਸਿਵਲ ਸੇਵਾਵਾਂ ਰੂਲਜ ਦੇ ਸਬੰਧਤ ਨਿਯਮਾਂ ਵਿੱਚ ਲੋੜੀਂਦੀ ਸੋਧ ਕੀਤੀ ਜਾਵੇਗੀ।

5. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ

(ਐਸ.ਪੀ.ਗੁਪਤਾ)

ਅਧੀਨ ਸਕੱਤਰ ਪ੍ਰਸੋਨਲ

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: ਨੰ: 17/20/2010-2ਪੀਪੀ2/133 ਮਿਤੀ, ਚੰਡੀਗੜ੍ਹ: 19/11/14

1025
28/11/14

Very Urgent

5869
ਮਿਤੀ 27-11-14

ਨੰ: 22/ 2/2012-3 ਐਫ.ਪੀ.2/ 350090/1

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ-2 ਸਾਖਾ)

ਮਿਤੀ,ਚੰਡੀਗੜ੍ਹ 21-11-2014

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਤੇ ਸੈਸ਼ਨਜ਼ ਜੱਜ ਅਤੇ
ਸਮੂਹ ਡਿਪਟੀ ਕਮਿਸਨਰ,
ਪੰਜਾਬ ਰਾਜ ਵਿੱਚ।

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆਂ ਦੇ ਸੇਵਾਕਾਲ ਵਿੱਚ ਵਾਧਾ ਕਰਨ ਬਾਰੇ- ਸਪਸਟੀਕਰਨ।

ਸ੍ਰੀ ਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਵਿੱਤ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ: 22/2/2012-3ਵਿਪ੍ਰ2/475, ਮਿਤੀ 8 ਅਕਤੂਬਰ, 2012 ਅਤੇ ਨੰ: 22/2/2012-3ਵਿਪ੍ਰ2/471, ਮਿਤੀ 20 ਸਤੰਬਰ, 2013 ( ਜਿਸ ਰਾਹੀਂ ਪੰਜਾਬ ਸਰਕਾਰ ਦੇ ਮੁਲਾਜਮਾਂ ਦੇ ਸੇਵਾਕਾਲ ਵਿਚ ਇੱਕ-ਇੱਕ ਸਾਲ ਦਾ ਵਾਧਾ ਕਰਨ ਦੇ ਉਪਬੰਧ ਕੀਤੇ ਗਏ ਹਨ) ਵੱਲ ਦਿਵਾਉਂਦੇ ਹੋਏ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਨੇਤਰਹੀਣ ਕਰਮਚਾਰੀ ਅਤੇ ਸਰੀਰਕ ਅਪੰਗਤਾ (Physically handicapped) ਵਾਲੇ ਕਰਮਚਾਰੀ, ਜਿਹਨਾਂ ਦੀ ਰਿਟਾਇਰਮੈਂਟ ਉਮਰ ਪਹਿਲਾਂ ਹੀ 60 ਸਾਲ ਹੈ, ਨੂੰ ਉਪਰੋਕਤ ਹਦਾਇਤਾਂ ਅਨੁਸਾਰ ਦੋ ਸਾਲ ਦਾ ਵਾਧਾ ਨਹੀਂ ਦਿੱਤਾ ਜਾਣਾ।

ਵਿਸਵਾਸਪਾਤਰ

(ਕਮਲੇਸ਼ ਅਰੋੜਾ)
ਉਪ ਸਕੱਤਰ ਵਿੱਤ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/ 350090/2 ਮਿਤੀ,ਚੰਡੀਗੜ੍ਹ 21-11-2014

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਪ੍ਰਮੁੱਖ ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ,ਚੰਡੀਗੜ੍ਹ।

(ਕਮਲੇਸ਼ ਅਰੋੜਾ)
ਉਪ ਸਕੱਤਰ ਵਿੱਤ

5-00

(1)

ਪਿੱਠ ਅੰਕਣ ਨੰ: 22/2/2012-3 ਐਫ.ਪੀ.2/ 350090/3 ਮਿਤੀ,ਚੰਡੀਗੜ੍ਹ:21-11-2014

ਇਸ ਦਾ ਉਤਾਰਾ,ਸਹਿ-ਪੱਤਰ ਸਮੇਤ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

(1) ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ ।

(2) ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,ਪੰਜਾਬ ਸਰਕਾਰ।

(3) ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾ(ਮਾਲ), ਸੈਕਟਰ-22 ਡੀ, ਚੰਡੀਗੜ੍ਹ।

(4) ਪ੍ਰੀਖਕ, ਸਥਾਨਕ ਫੰਡ ਲੇਖਾ, ਪੰਜਾਬ, ਚੰਡੀਗੜ੍ਹ।

(5) ਰਾਜ ਦੇ ਸਮੂਹ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਅੰਦਰੂਨੀ ਪੜਤਾਲ ਸੰਸਥਾ, ਪੰਜਾਬ।

ਉਪ ਸਕੱਤਰ,ਵਿੱਤ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/ 350090/4 ਮਿਤੀ,ਚੰਡੀਗੜ੍ਹ:21-11-2014

ਇਸ ਦਾ ਉਤਾਰਾ, ਸਹਿ-ਪੱਤਰ ਸਮੇਤ, ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰਾਂ/ ਖਜਾਨਾ ਅਫਸਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱਠ ਅੰਕਣ ਨੰ: 22/2/2012-3 ਐਫ.ਪੀ.2/ 350090/5 ਮਿਤੀ,ਚੰਡੀਗੜ੍ਹ 21-11-2014

ਇਸ ਦਾ ਇੱਕ ਉਤਾਰਾ ਮੈਨੇਜਿੰਗ ਡਾਇਰੈਕਟਰ,ਪੰਜਾਬ ਇਨਫੋਟੈਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਇਸ ਪਾਲਿਸੀ ਨੂੰ ਪੰਜਾਬ ਸਰਕਾਰ ਦੀ ਵੈੱਬਸਾਈਟ ਤੇ ਪਾਉਣ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ